**ਪੰਜਾਬ ਸਰਕਾਰ**
**ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ**
**(ਡਾਇਰੈਕਟੋਰੇਟ ਆਫ ਸਡਿਊਲਡ ਕਾਸਟਸ ਸਬ ਪਲਾਨ)**
**ਐਸ.ਸੀ.ਓ.ਨੰ:149-152, ਸੈਕਟਰ 17-ਸੀ, ਚੰਡੀਗੜ੍ਹ**
**ਫੋਨ ਨੰ: 2707274, 2709274(ਫੈਕਸ)**

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
(ਅਨੁਸੂਚਿਤ ਜਾਤੀਆਂ ਸਬ ਪਲਾਨ ਨਾਲ ਸਬੰਧਤ)

ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2017/ 1823-1871
ਮਿਤੀ: ਚੰਡੀਗੜ੍ਹ, 11 ਅਪ੍ਰੈਲ, 2017

ਵਿਸ਼ਾ:- **ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) 2016-17 ਦੀ ਵਿੱਤੀ ਅਤੇ ਭੌਤਿਕ ਪ੍ਰਗਤੀ ਸਬੰਧੀ ਸੂਚਨਾ ਭੇਜਣ ਬਾਰੇ ।**

*****

ਉਪਰੋਕਤ ਵਿਸ਼ੇ ਸਬੰਧੀ ਇਸ ਵਿਭਾਗ ਦੇ ਮੀਮੋ ਨੰ: ਖੋ.ਅ. (ਐਸ.ਸੀ.ਐਸ.ਪੀ.)-29/2016-17/1325-83 ਮਿਤੀ 01.04.2016 ਦੇ ਹਵਾਲੇ ਵਿੱਚ।

2. ਹਵਾਲਾ ਅਧੀਨ ਪੱਤਰ ਰਾਹੀਂ ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ) 2016-17 ਦਾ ਦਸਤਾਵੇਜ ਭੇਜਦੇ ਹੋਏ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸਕੀਮਵਾਰ ਐਸ.ਸੀ.ਐਸ.ਪੀ. ਉਪਬੰਧ ਸੂਚਿਤ ਕੀਤੇ ਗਏ ਸਨ। ਐਸ.ਸੀ.ਐਸ.ਪੀ 2016-17 ਦੇ ਲਾਗੂ ਹੋਣ ਸਬੰਧੀ ਰਿਵਿਊ ਕਰਨ ਲਈ ਸਕੀਮਵਾਰ ਵਿੱਤੀ ਅਤੇ ਭੌਤਿਕ ਪ੍ਰਗਤੀ ਲੋੜੀਂਦੀ ਹੈ। ਇਸ ਤੋਂ ਇਲਾਵਾ ਐਸ.ਸੀ.ਐਸ.ਪੀ 2016-17 ਦੀ ਵਿੱਤੀ ਪ੍ਰਗਤੀ ਸਬੰਧੀ ਰਿਪੋਰਟ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਅਤੇ ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ, ਨਵੀਂ ਦਿੱਲੀ ਨੂੰ ਵੀ ਭੇਜੀ ਜਾਣੀ ਹੈ। ਇਸ ਲਈ ਲਿਖਿਆ ਜਾਂਦਾ ਹੈ ਕਿ ਐਸ.ਸੀ.ਐਸ.ਪੀ 2016-17 ਵਿੱਚ ਸ਼ਾਮਲ ਬਜਟਿਡ ਸਕੀਮਾਂ ਅਧੀਨ ਵਿੱਤੀ ਅਤੇ ਭੌਤਿਕ ਪ੍ਰਗਤੀ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਮਿਤੀ 29.04.2016 ਤੱਕ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ। ਇਸ ਸੂਚਨਾ ਦੀ ਸਾਫਟ ਕਾਪੀ MS Excel ਫਾਰਮੈਟ ਵਿੱਚ ਈਮੇਲ: dir.scsp@punjab.gov.in ਤੇ ਵੀ ਭੇਜੀ ਜਾਵੇ।

3. ਐਸ.ਸੀ.ਐਸ.ਪੀ. 2016-17 ਦਸਤਾਵੇਜ ਅਤੇ ਉਕਤ ਪ੍ਰਫਾਰਮਾ "SCSP 2016-17 Progress" ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਸੈਕਸ਼ਨ 'Directorate of SCSP' ਤਹਿਤ ਕ੍ਰਮਵਾਰ ਲਿੰਕ 'Publications' ਅਤੇ 'Recent Notfication/Meeting/Letters' ਤੇ ਵੀ ਉਪਲੱਬਧ ਹਨ।

**ਡਾਇਰੈਕਟਰ(ਐਸ.ਸੀ.ਐਸ.ਪੀ)-ਕਮ ਸਯੁੰਕਤ ਸਕੱਤਰ**

ਪਿੰਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(II)/2017/1872 ਮਿਤੀ: 11 ਅਪ੍ਰੈਲ, 2017

ਉਪਰੋਕਤ ਦਾ ਇੱਕ ਉਤਾਰਾ ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਭਲਾਈ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਭਲਾਈ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ(ਐਸ.ਸੀ.ਐਸ.ਪੀ)-ਕਮ ਸਯੁੰਕਤ ਸਕੱਤਰ**

RO-1.doc